Volume - 4 | Issue - 3

*GKU'S Main Building*



UGC APPROVED NEW DELHI

**EDITORIAL BOARD**

*Chief Patron :*
**Dr. G.S Randhawa**
*Vice Chancellor*

*Editor-in-Chief :*
**Dr. G.S. Sidhu**

*Coordinator :*
**Dr. Ashwani Sethi**
*Director IQAC*

*Publice Relation Officer :*
**Mr. Lavlin Sachdeva**

*Head Publishing :*
**Mr. Karanbir Singh Sidhu**
*Marketing Manager*

*Designer :*
**Mr. Avtar Singh Sidhu**

# GURU KASHI UNIVERSITY

TALWANDI SABO (BATHINDA) INDIA

## ਯੂਨੀਵਰਸਿਟੀ ਕਾਲਜ ਆਫ਼ ਫਾਇਨ ਆਰਟ ਨੇ ਲਗਾਈ ਦੂਜੀ ਕਲਾ ਪ੍ਰਦਸ਼ਨੀ।

**ਬਠਿੰਡਾ (ਤਲਵੰਡੀ ਸਾਬੋ 04 ਮਾਰਚ 2020)** ਅੱਜ ਗੁਰੂ ਕਾਸ਼ੀ ਯੂਨੀਵਰਸਿਟੀ ਦੇ ਕਾਲਜ ਆਫ਼ ਫਾਇਨ ਆਰਟ ਵੱਲੋਂ ਪ੍ਰੋ. ਕੰਵਲਜੀਤ ਕੌਰ ਦੀ ਰਹਿਨੁਮਾਈ ਹੇਠ ਦੂਜੀ ਕਲਾ ਪ੍ਰਦਸ਼ਨੀ ਲਗਾਈ ਗਈ।ਜਿਸ ਦਾ ਉਦਘਾਟਨ ਸ. ਗੁਰਲਾਭ ਸਿੰਘ ਸਿੱਧੂ (ਚੇਅਰਮੈਨ) ਨੇ ਕੀਤਾ।ਇਸ ਮੌਕੇ ਰੱਖੇ ਗਏ ਸਮਾਰੋਹ ਵਿੱਚ, ਸ. ਸੁਖਰਾਜ ਸਿੰਘ ਸਿੱਧੂ (ਐਮ.ਡੀ.), ਡਾ. ਗੁਰਸ਼ਰਨ ਸਿੰਘ ਰੰਧਾਵਾਂ (ਉੱਪ-ਕੁੱਲਪਤੀ) ਤੇ ਸ. ਗੁਰਪ੍ਰਤਾਪ ਸਿੰਘ ਨੇ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਸ਼ਿਰਕਤ ਕੀਤੀ।ਇਸ ਕਲਾ ਪ੍ਰਦਸ਼ਨੀ ਵਿੱਚ ਵਿੱਦਿਆਰਥੀਆਂ ਵੱਲੋਂ ਬਣਾਈਆਂ ਗਈਆਂ ਪੇਟਿੰਗਸ, ਮਿੱਟੀ ਅਤੇ ਬੇਕਾਰ ਚੀਜ਼ਾਂ ਤੋਂ ਬਣਾਈਆਂ ਗਈਆਂ ਕਲਾਕ੍ਰਿਤੀਆਂ ਦੀ ਪ੍ਰਦਸ਼ਨੀ ਵੀ ਲਗਾਈ ਗਈ।ਜਿਸ ਨੂੰ ਵਰਸਿਟੀ ਦੇ ਫੈਕਲਟੀ ਮੈਬਰਾਂ, ਸਟਾਫ ਅਤੇ ਵਿੱਦਿਆਰਥੀਆਂ ਵੱਲੋਂ ਖੂਬ ਪਸੰਦ ਕੀਤਾ ਗਿਆ।ਇਸ ਕਲਾ ਪ੍ਰਦਸ਼ਨੀ ਵਿੱਚ ਬਰਜਿੰਦਰ ਸਿੰਘ ਮਾਨ, ਰੁਕਸਾਨਾ ਖਾਨ, ਗੁਰਪ੍ਰੀਤ, ਵਿਸ਼ਾਲ, ਗੁਰਦੀਪ, ਮਨਦੀਪ, ਪੰਕਜ, ਮਨਿੰਦਰ, ਗੁਰਦੀਪ ਕੌਰ, ਇੰਦਰ ਤੇ ਕੁਲਵਿੰਦਰ ਦੀਆਂ ਬਣਾਈਆਂ ਤਸਵੀਰਾਂ ਪ੍ਰਦਸ਼ਿਤ ਕੀਤੀਆਂ ਗਈਆਂ।ਇਸ ਪ੍ਰਦਸ਼ਨੀ ਵਿੱਚ ਆਏ ਦਰਸ਼ਕਾ ਵੱਲੋਂ ਕੁੱਝ ਪੇਟਿੰਗ ਖਰੀਦੀਆਂ ਵੀ ਗਈਆਂ।ਇਸ ਮੌਕੇ ਕਾਲਜ ਵੱਲੋਂ ਇੱਕ ਸਲਾਇਡ ਸ਼ੋ ਦਾ ਆਯੋਜਨ ਵੀ ਕੀਤਾ ਗਿਆ। ਇਸ ਪ੍ਰਦਸ਼ਨੀ ਬਾਰੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਸ. ਗੁਰਲਾਭ ਸਿੰਘ ਸਿੱਧੂ ਨੇ ਕਿਹਾ ਕਿ ਵਿੱਦਿਆਰਥੀਆਂ ਵੱਲੋਂ ਬਣਾਈਆਂ ਗਈਆਂ ਇਹ ਪੇਟਿੰਗਸ ਅਤੇ ਕਲਾਕ੍ਰਿਤੀਆਂ ਮਨ ਨੂੰ ਟੁੰਬਦੀਆਂ ਹਨ, ਇਹ ਪੇਟਿੰਗਸ ਕਾਫੀ ਉੱਚ ਕੋਟੀ ਦੀਆਂ ਹਨ।ਉਹਨਾਂ ਇਸ ਪ੍ਰਦਸ਼ਨੀ ਲਈ ਫਾਇਨ ਆਰਟ ਦੇ ਸਟਾਫ ਤੇ ਵਿੱਦਿਆਰਥੀਆਂ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ।




## ਜਵਾਨੀ ਦੇ ਜੋਸ਼ ਤੇ ਕਲਾਕਾਰਾਂ ਦੇ ਹੋਸ਼ ਨਾਲ ਸ਼ੁਰੂ ਹੋਇਆ ਗੁਰੂ ਕਾਸ਼ੀ ਯੂਨੀਵਰਸਿਟੀ ਦਾ " ਯੁਵਕ ਮੇਲਾ "

**ਬਠਿੰਡਾ (ਤਲਵੰਡੀ ਸਾਬੋ 5 ਮਾਰਚ 2020)** ਅੱਜ ਇਲਾਕੇ ਦੀ ਨਾਮੀ ਵਿੱਦਿਅਕ ਸੰਸਥਾ ਗੁਰੂ ਕਾਸ਼ੀ ਯੂਨੀਵਰਸਿਟੀ ਦਾ " ਯੁਵਕ ਮੇਲਾ " ਡਾਇਰੈਕਟਰ ਸੱਭਿਆਚਾਰਕ ਗਤੀਵਿੱਧੀਆਂ ਡਾ. ਸਤਨਾਮ ਸਿੰਘ ਜੱਸਲ ਦੀ ਰਹਿਨੁਮਾਈ ਹੇਠ ਸ਼ੁਰੂ ਹੋਇਆ।ਇਸ ਮੇਲੇ ਦੇ ਉਦਘਾਟਨ ਸ. ਗੁਰਲਾਭ ਸਿੰਘ ਸਿੱਧੂ (ਚੇਅਰਮੈਨ) ਨੇ ਕੀਤਾ।ਇਸ ਮੌਕੇ ਸ. ਸੁਖਰਾਜ ਸਿੰਘ ਸਿੱਧੂ (ਐਮ.ਡੀ.), ਡਾ. ਗੁਰਸ਼ਰਨ ਸਿੰਘ ਰੰਧਾਵਾਂ (ਉੱਪ-ਕੁੱਲਪਤੀ), ਡਾ. ਗੁਰਜੰਟ ਸਿੰਘ ਸਿੱਧੂ (ਰਜਿਸਟਰਾਰ). ਡਾ. ਹਰਜਿੰਦਰ ਸਿੰਘ ਰੋਜ਼ (ਡੀਨ ਅਕਾਦਮਿਕ), ਡਾ. ਨਰਿੰਦਰ ਸਿੰਘ (ਡਾਇਰੈਕਟਰ ਫਾਇਨਾਂਸ) ਤੇ ਡਾ. ਅਸ਼ਵਨੀ ਸੇਠੀ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਸ਼ਾਮਿਲ




ਹੋਏ। ਸਮਾਰੋਹ ਵਿੱਚ ਪੰਜਾਬੀ ਦੇ ਨਾਮਵਰ ਗਾਇਕ ਲਵਜੀਤ ਤੇ ਲਵਪ੍ਰੀਤ ਲਵੀ ਨੇ ਜੱਜ ਦੀ ਭੂਮਿਕਾ ਨਿਭਾਈ ਅਤੇ ਆਪਣੀ ਸੂਫ਼ੀ ਗਾਇਕੀ ਨਾਲ ਸਰੋਤਿਆਂ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ। ਲਲਿਤ ਕਲਾਵਾਂ ਦੇ ਮੁਕਾਬਲੇ ਵਿੱਚ ਨਾਮਵਰ ਪੇਂਟਰ ਸ. ਅਮਰਜੀਤ ਸਿੰਘ. ਉਘੇ ਲੇਖਕ ਸੁਰੇਸ਼ ਹੰਸ, ਪ੍ਰੋ. ਨਿਰਮਲਪ੍ਰੀਤ ਸਿਘ, ਡਾ. ਸੁਮਨਦੀਪ ਕੌਰ ਤੇ ਡਾ. ਬੇਅੰਤ ਕੌਰ ਨੇ ਜੱਜ ਦੇ ਤੌਰ ਤੇ ਆਪਣਾ ਫੈਸਲਾ ਸੁਣਾਇਆ।ਅੱਜ ਦੇ ਯੁਵਕ ਮੇਲੇ ਵਿੱਚ ਪ੍ਰੋ. ਜਸਪਾਲ ਸਿੰਘ (ਸਹਾਇਕ ਡਾਇਰੈਕਟਰ ਸੱਭਿਆਚਾਰਕ ਗਤੀਵਿੱਧੀਆਂ), ਲਵਲੀਨ ਸਚਦੇਵਾ (ਡਿਪਟੀ ਡਾਇਰੈਕਟਰ ਲੋਕ ਸੰਪਰਕ), ਡਾ. ਸਾਕ ਮੁਹੰਮਦ ਤੇ ਡਾ. ਸੁਰਜੀਤ ਸਿੰਘ ਨੇ ਮੰਚ ਸੰਚਾਲਨ ਦੀ ਭੂਮਿਕਾ ਬਾਖੂਬੀ ਨਿਭਾਈ।ਯੁਵਕ ਮੇਲੇ ਵਿੱਚ ਦੂਜੀ ਸਟੇਜਾਂ ਦਾ ਸਾਰਾ ਪ੍ਰਬੰਧ ਡਾ. ਜਸਮੀਤ ਸਿੰਘ ਦੀ ਅਗਵਾਈ ਹੇਠ ਕਰਵਾਇਆ ਗਿਆ।ਇਹ ਯੁਵਕ ਮੇਲਾ ਅੱਜ ਤਿੰਨ ਸਟੇਜਾਂ ਤੇ ਲਗਾਤਾਰ ਜਾਰੀ ਰਿਹਾ ਜੋ ਕੱਲ ਤੱਕ ਚੱਲੇਗਾ। ਯੁਵਕ ਮੇਲੇ ਬਾਰੇ ਜਾਣਕਾਰੀ ਦਿੰਦਿਆਂ ਡਾ. ਸਤਨਾਮ ਸਿੰਘ ਜੱਸਲ ਨੇ ਦੱਸਿਆ ਕਿ ਇਸ ਮੇਲੇ ਵਿੱਚ 6 ਵੱਖ-ਵੱਖ ਦੇਸ਼ਾ ਅਤੇ 18 ਪ੍ਰਦੇਸ਼ਾਂ ਦੇ ਸੱਭਿਆਚਾਰ ਨੂੰ ਵਿੱਦਿਆਰਥੀਆਂ ਵੱਲੋਂ 24 ਆਈਟਮਾਂ ਵਿੱਚ ਪੇਸ਼ ਕੀਤਾ ਗਿਆ।ਇਸ ਮੌਕੇ ਚਿੱਤਰਕਾਰੀ, ਫੋਟੋਗ੍ਰਾਫੀ ਅਤੇ ਪੁਰਾਤਨ ਪੰਜਾਬੀ ਵਿਰਸੇ ਨਾਲ ਸਬੰਧਤ ਮੁਕਾਬਲੇ ਵੀ ਕਰਵਾਏ ਗਏ। ਇਸ ਮੌਕੇ ਸ. ਗੁਰਲਾਭ ਸਿੰਘ ਸਿੱਧੂ ਨੇ ਮੇਲੇ ਦੇ ਸਫਲ ਆਯੋਜਨ ਲਈ ਵਰਸਿਟੀ ਪ੍ਰਬੰਧਕਾਂ, ਸਟਾਫ, ਵਿੱਦਿਆਰਥੀਆਂ ਅਤੇ ਜੱਜ ਸਾਹਿਬਾਨ ਦਾ ਧੰਨਵਾਦ ਕੀਤਾ ਅਤੇ ਉਹਨਾਂ ਦੇ ਉਜਵੱਲ ਭਵਿੱਖ ਲਈ ਸ਼ੁੱਭ ਕਾਮਨਾਵਾਂ ਦਿੱਤੀਆਂ।

## ਯੂਨੀਵਰਸਿਟੀ ਕਾਲਜ ਆਫ ਬੇਸਿਕ ਸਾਇੰਸ ਨੇ ਜਿੱਤੀ ਓਵਰਆਲ ਟਰਾਫੀ

**ਬਠਿੰਡਾ (ਤਲਵੰਡੀ ਸਾਬੋ 6 ਮਾਰਚ 2020)** ਅੱਜ ਇਲਾਕੇ ਦੀ ਨਾਮੀ ਵਿੱਦਿਅਕ ਸੰਸਥਾ ਗੁਰੂ ਕਾਸ਼ੀ ਯੂਨੀਵਰਸਿਟੀ ਦੇ ਯੁਵਕ ਮੇਲੇ ਦੇ ਦੂਜੇ ਦਿਨ ਦਾ ਉਦਘਾਟਨ ਸ. ਗੁਰਲਾਭ ਸਿੰਘ ਸਿੱਧੂ (ਚੇਅਰਮੈਨ) ਨੇ ਕੀਤਾ।ਇਸ ਮੌਕੇ ਡਾ. ਗੁਰਸ਼ਰਨ ਸਿੰਘ ਰੰਧਾਵਾਂ (ਉੱਪ-ਕੁੱਲਪਤੀ), ਡਾ. ਗੁਰਜੰਟ ਸਿੰਘ ਸਿੱਧੂ (ਰਜਿਸਟਰਾਰ). ਡਾ. ਹਰਜਿੰਦਰ ਸਿੰਘ ਰੋਜ਼ (ਡੀਨ ਅਕਾਦਮਿਕ), ਡਾ. ਨਰਿੰਦਰ ਸਿੰਘ (ਡਾਇਰੈਕਟਰ ਫਾਇਨਾਂਸ) ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਸ਼ਾਮਿਲ ਹੋਏ। ਅੱਜ ਦੇ ਦਿਨ ਯੁਵਕ ਮੇਲੇ ਵਿੱਚ ਮੰਚ ਤੇ ਭਾਰਤ ਦੇ ਵੱਖ-ਵੱਖ ਰਾਜਾਂ ਦੇ ਲੋਕ ਨਾਚ ਅਤੇ ਲੋਕ ਗੀਤ ਪੇਸ਼ ਕੀਤੇ ਗਏ।ਜਿੰਨਾਂ ਵਿੱਚ ਪੰਜਾਬ, ਹਰਿਆਣਾ, ਕੇਰਲਾ, ਆਧਰਾਂ ਪ੍ਰਦੇਸ਼, ਬਿਹਾਰ, ਰਾਜਸਥਾਨ,ਜੰਮੂ ਕਸਮੀਰ, ਉੜੀਸਾ ਆਦਿ ਦੇ ਨਾਮ ਜਿਕਰਯੋਗ ਹਨ।ਇਹਨਾਂ ਲੋਕ ਨਾਚਾਂ ਨੂੰ ਵੇਖ ਕੇ ਇੰਝ ਲਗ ਰਿਹਾ ਸੀ ਜਿਵੇ ਸਮੂਹ ਭਾਰਤ ਇਸ ਮੰਚ ਤੇ ਇਕੱਠਾ ਹੋ ਗਿਆ ਹੋਵੇ।ਇਨਾਂ ਲੋਕ ਨਾਚਾਂ ਵਿੱਚੋ 80% ਲੋਕ ਨਾਚ ਲੜਕੀਆਂ ਵੱਲੋ ਪੇਸ਼ ਕੀਤੇ ਗਏ।ਜਿੰਨਾਂ ਨੇ ਦਰਸਕਾਂ ਦੀ ਖੂਬ ਵਾਹ-ਵਾਹ ਖੱਟੀ। ਇਸ ਯੁਵਕ ਮੇਲੇ ਦੇ ਪਹਿਲੇ ਸੈਸ਼ਨ ਵਿੱਚ ਡਾ. ਸੁਰਿੰਦਰ



ਕੌਰ ਰੰਧਾਵਾਂ, ਸ੍ਰੀਮਤੀ ਮਨਜੀਤ ਕੌਰ ਸਿੱਧੂ ਤੇ ਸ੍ਰੀਮਤੀ ਨਿਰਮਲ ਕੌਰ ਰੋਜ਼ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਹਾਜਰ ਹੋਏ। ਯੁਵਕ ਮੇਲੇ ਵਿੱਚ ਪਹਿਲੇ ਦਿਨ ਹੋਏ ਮੁਕਾਬਲਿਆਂ ਵਿੱਚ ਗਜ਼ਲ ਗਾਇਨ ਵਿੱਚ ਇਕਬਾਲ ਖਾਨ ਨੇ ਪਹਿਲਾ, ਪਾਰਸ ਸੋਨੀ ਨੇ ਦੂਜਾ, ਬੂਟਾ ਸਿੰਘ ਨੇ ਤੀਜਾ,ਲੋਕ ਗੀਤ ਵਿੱਚ ਇਕਬਾਲ ਖਾਨ ਨੇ ਪਹਿਲਾ, ਸੁਖਦੀਪ ਸਿੰਘ ਨੇ ਦੂਜਾ, ਰਮਨਦੀਪ ਕੌਰ ਨੇ ਤੀਜਾ, ਰਵਾਇਤੀ ਲੋਕ ਗੀਤ ਵਿੱਚ ਸਰਬਜੀਤ ਕੌਰ ਤੇ ਕਿਰਨਦੀਪ ਕੌਰ ਨੇ ਪਹਿਲਾ, ਗੁਰਪ੍ਰੀਤ ਕੌਰ ਨੇ ਦੂਜਾ, ਅਮਨਦੀਪ ਕੌਰ ਨੇ ਤੀਜਾ, ਮਾਇਮ ਵਿੱਚ ਇੰਜੀ. ਕਾਲਜ ਦੀ ਟੀਮ ਨੇ ਪਹਿਲਾ, ਕਾਲਜ ਆਫ ਮੈਨੇਜਮੈਂਟ ਦੀ ਟੀਮ ਨੇ ਦੂਜਾ, ਕਾਲਜ ਆਫ ਲਾਅ ਨੇ ਤੀਜਾ, ਮਿਮਕਰੀ ਵਿੱਚ ਸੁਖਦੀਪ ਸਿੰਘ ਨੇ ਪਹਿਲਾ,ਰਮਨਦੀਪ ਸਿੰਘ ਨੇ ਦੂਜਾ, ਵਿਸ਼ਾਲਜੀਓਤ ਕੌਰ ਨੇ ਤੀਜਾ, ਸਕਿੱਟ ਵਿੱਚ ਕਾਲਜ ਆਫ ਬੇਸਿਕ ਸਾਇੰਸ ਨੇ ਪਹਿਲਾ, ਇੰਜੀ. ਕਾਲਜ ਨੇ ਦੂਜਾ, ਕਾਲਜ ਆਫ ਐਜੂਕੇਸ਼ਨ ਨੇ ਤੀਜਾ, ਭਾਸ਼ਣ ਮੁਕਾਬਲੇ ਵਿੱਚ ਐਲਿਜਾ ਬੰਧ ਨੇ ਪਹਿਲਾ, ਕੀਰਤੀ ਨੇ ਦੂਜਾ, ਜਗਜੀਤ ਕੌਰ ਨੇ ਤੀਜਾ, ਵਾਦ ਵਿਵਾਦ ਮੁਕਾਬਲੇ ਵਿੱਚ ਮੁਹੰਮਦ ਸਲੀਮ ਤੇ ਇਸ਼ਫਾਕ ਰਿਸ਼ੀ ਨੇ ਪਹਿਲਾ, ਯਾਕੂਬ ਅਹਿਮਦ ਸ਼ਾਹ ਨੇ ਦੂਜਾ, ਉਧਮ ਸਿੰਘ ਨੇ ਤੀਜਾ, ਕਾਵਿ ਉਚਾਰਣ ਵਿਤਚ ਰਾਹੁਲ ਕੁਮਾਰ ਨੇ ਪਹਿਲਾ, ਕਰਮਜੀਤ ਕੌਰ ਨੇ ਦੂਜਾ ਤੇ ਸ਼ਵੇਤਾ ਕੁਮਾਰੀ ਨੇ ਤੀਜਾ ਸਥਾਨ ਹਾਸਿਲ ਕੀਤਾ। ਅੱਜ ਵੱਖ-ਵੱਖ ਸਟੇਜਾਂ ਤੇ ਮੰਚ ਸੰਚਾਲਨ ਦੀ ਭੂਮਿਕਾ ਲਵਲੀਨ ਸਚਦੇਵਾ (ਡਿਪਟੀ ਡਾਇਰੈਕਟਰ ਲੋਕ ਸੰਪਰਕ), ਡਾ. ਜਸਵਿੰਦਰ ਕੌਰ, ਡਾ. ਰਮਨਦੀਪ ਕੌਰ, ਡਾ. ਰਾਜਵੀਰ ਕੌਰ, ਡਾ. ਬੂਟਾ ਸਿੰਘ ਤੇ ਪ੍ਰੋ. ਤਰਨਵੀਰ ਕੌਰ ਨੇ ਬਾਖੂਬੀ ਨਿਭਾਈ।ਭਾਰਤ ਦੇ ਵੱਖ-ਵੱਖ ਰਾਜਾਂ ਦਾ ਸੱਭਿਆਚਾਰ ਡਾ. ਸਤਨਾਮ ਸਿੰਘ ਜੱਸਲ ਤੇ ਡਾ. ਜਸਮੀਤ ਸਿੰਘ (ਡੀਨ) ਦੀ ਰਹਿਨੁਮਾਈ ਹੇਠ ਪੇਸ਼ ਕੀਤਾ ਗਿਆ।ਯੁਵਕ ਮੇਲੇ ਵਿੱਚ ਪੰਜਾਬ ਦਾ ਲੋਕ ਨਾਚ ਭੰਗੜਾ ਅਤੇ ਗਿੱਧਾ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਰਿਹਾ। ਯੁਵਕ ਮੇਲੇ ਵਿੱਚ ਯੂਨੀਵਰਸਿਟੀ ਕਾਲਜ ਆਫ ਬੇਸਿਕ ਸਾਇੰਸਜ਼ ਨੇ ਓਵਰਆਲ ਟਰਾਫੀ ਤੇ ਕਬਜ਼ਾ ਕੀਤਾ।ਕਾਲਜ ਆਫ ਇੰਜੀ. ਨੇ ਦੂਜਾ ਤੇ ਕਾਲਜ ਆਫ ਐਜੂਕੇਸਨ ਨੇ ਤੀਸਰਾ ਸਥਾਨ ਹਾਸਿਲ ਕੀਤਾ।ਮੇਲੇ ਪ੍ਰੋ. ਸੁਪਨਦੀਪ ਕੌਰ ਤੇ ਪ੍ਰੋ. ਨਿਰਮਲਪ੍ਰੀਤ ਸਿੰਘ ਨੇ ਜੱਜ ਦੀ ਭੂਮਿਕਾ ਬਾਖੂਬੀ ਨਿਭਾਈ।




## ਗੁਰੂ ਕਾਸ਼ੀ ਯੂਨੀਵਰਸਿਟੀ ਵਿਖੇ " ਨੋਵਲ ਕੋਰੋਨਾ ਵਾਇਰਸ " ਦੀ ਰੋਕਥਾਮ ਦੀ ਜਾਣਕਾਰੀ ਲਈ ਸੈਮੀਨਾਰ ਦਾ ਆਯੋਜਨ।



**ਬਠਿੰਡਾ (ਤਲਵੰਡੀ ਸਾਬੋ 9 ਮਾਰਚ** 2020) ਅੱਜ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਵੱਲੋਂ ਡਾ. ਗੁਰਸ਼ਰਨ ਸਿੰਘ ਰੰਧਾਵਾਂ (ਉੱਪ-ਕੁੱਲਪਤੀ) ਦੀ ਪ੍ਰਧਾਨਗੀ ਹੇਠ ਨੋਵਲ ਕੋਰੋਨਾ ਵਾਇਰਸ ਦੀ ਰੋਕਥਾਮ ਦੀ ਜਾਗਰੂਕਤਾ ਲਈ ਇੱਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ।ਜਿਸ ਵਿੱਚ ਡਾ. ਗੁਰਜੰਟ ਸਿੰਘ ਸਿੱਧੂ (ਰਜਿਸਟਰਾਰ), ਡਾ. ਹਰਜਿੰਦਰ ਸਿੰਘ ਰੋਜ਼ (ਡੀਨ ਅਕਾਦਮਿਕ), ਡਾ. ਸਤਨਾਮ ਸਿੰਘ ਜੱਸਲ (ਡੀਨ), ਡਾ. ਜਸਮੀਤ ਸਿੰਘ (ਡਾਇਰੈਕਟਰ ਸਟੂਡੈਂਟ ਵੈਲਫੇਅਰ) ਤੇ ਹਰਵਿੰਦਰ ਸਿੰਘ (ਬਲਾਕ ਹੈਲਥ ਐਜੂਕੇਟਰ ਤਲਵੰਡੀ ਸਾਬੋ) ਨੇ ਵਿਸ਼ੇਸ਼ ਤੌਰ ਤੇ ਸਿਰਕਤ ਕੀਤੀ। ਇਸ ਸੈਮੀਨਾਰ ਵਿੱਚ ਡਾ. ਅਮਰੀਕ ਸਿੰਘ (ਸਿਵਲ ਸਰਜਨ ਬਠਿੰਡਾ) ਦੇ ਦਿਸਾ ਨਿਰਦੇਸਾਂ ਅਨੁਸਾਰ ਡਾ. ਜਗਰੂਪ ਸਿੰਘ (ਐਮ.ਡੀ.) ਕੋਰੋਨਾ ਵਾਇਰਸ ਦੀ ਜਾਣਕਾਰੀ ਦੇਣ ਲਈ ਮੁੱਖ ਵੱਕਤਾ ਦੇ ਤੌਰ ਤੇ ਪਧਾਰੇ।ਇਸ ਮੌਕੇ ਉਹਨਾਂ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਇਹ ਵਾਇਰਸ ਵੂਹਾਨ ਚੀਨ ਵਿੱਚ ਦਸੰਬਰ 2019 ਤੋਂ ਪਹਿਲਾਂ ਅਣਪਛਾਤਾ ਸੀ, ਪਰ ਹੁਣ ਇਸ ਨੇ ਕਾਫੀ ਦੇਸ਼ਾਂ ਨੂੰ ਆਪਣੀ ਬੁੱਕਲ ਵਿੱਚ ਲੈ ਲਿਆ ਹੈ।ਇਸ ਲਈ ਵਿਸਵ ਸਿਹਤ ਸੰਗਠਨ ਵੱਲੋਂ 30 ਜਨਵਰੀ 2020 ਨੂੰ ਅੰਤਰਰਾਸ਼ਟਰੀ ਪੱਧਰ ਤੇ ਪਬਲਿਕ ਹੈਲਥ ਐਮਰਜੈਂਸੀ ਘੋਸ਼ਿਤ ਕੀਤੀ ਗਈ ਹੈ।ਉਹਨਾਂ ਇਸ ਮੌਕੇ ਇਸ ਦੇ ਲੱਛਣ ਅਤੇ ਰੋਕਥਾਮ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਡਾ. ਰੰਧਾਵਾਂ ਨੇ ਇਸ ਬੀਮਾਰੀ ਦੇ ਫੈਲਣ ਦੇ ਕਾਰਨ ਅਤੇ ਬਚਾਅ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ ਤੇ ਕਿਹਾ ਕਿ ਸਾਨੂੰ ਅਫਵਾਹਾਂ ਤੋਂ ਬਚਣਾ ਚਾਹੀਦਾ ਹੈ ਤੇ ਸਮੇਂ ਸਮੇਂ ਤੇ ਹੱਥਾਂ ਨੂੰ ਸਾਬਣ ਜਾ ਅਲਕੋਹਲ ਵਾਲੇ ਹੈਡ ਸੈਨੀਟਾਈਜਰ ਦਾ ਇਸਤੇਮਾਲ ਕਰਨਾ ਚਾਹੀਦਾ ਹੈ।ਸ਼ੱਕੀ ਮਰੀਜ ਤੋਂ ਘੱਟੋ ਘੱਟ 1 ਮੀਟਰ ਦੀ ਦੂਰੀ ਬਣਾ ਕੇ ਰੱਖਣੀ ਚਾਹੀਦੀ ਹੈ।ਲੋੜ ਪੈਣ ਤੇ ਘਰੇਲੂ ਇਲਾਜ ਦੀ ਬਜਾਏ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ। ਸੈਮੀਨਾਰ ਦੇ ਅਖੀਰ ਵਿੱਚ ਡਾ. ਗੁਰਜੰਟ ਸਿੰਘ ਸਿੱਧੂ (ਰਜਿਸਟਾਰ) ਨੇ ਸਿਹਤ ਵਿਭਾਗ, ਵਰਸਿਟੀ ਪ੍ਰਬੰਧਕਾਂ ਅਤੇ ਫੈਕਲਟੀ ਮੈਬਰਾਂ ਨੂੰ ਧੰਨਵਾਦੀ ਸਬਦ ਕਹੇ।

## ਗੁਰੂ ਕਾਸ਼ੀ ਯੂਨੀਵਰਸਿਟੀ ਵੱਲੋਂ " ਸਿੱਖਿਆ ਦਾ ਜਿੰਦਗੀ ਵਿੱਚ ਮਹੱਤਵ " ਵਿਸ਼ੇ ਤੇ ਸੈਮੀਨਾਰ ਦਾ ਆਯੋਜਨ।

**ਬਠਿੰਡਾ (ਤਲਵੰਡੀ ਸਾਬੋ 12 ਮਾਰਚ 2020)** ਬੀਤੇ ਦਿਨੀ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਵੱਲੋਂ ਇੰਜੀ. ਹਰਪਾਲ ਸਿੰਘ ਦੀ ਯੋਗ ਅਗਵਾਈ ਵਿੱਚ ਕੁਲਵੰਤ ਜੋਸ਼ੀ ਮੈਮੋਰੀਅਲ ਸਕੂਲ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰੁਪਾਨਾਂ ਵਿਖੇ ਸਿੱਖਿਆ ਦਾ ਜਿੰਦਗੀ ਵਿੱਚ ਮਹੱਤਵ ਵਿਸ਼ੇ ਤੇ ਸੈਮੀਨਾਰ ਦਾ ਆਯੋਜਨ ਕੀਤਾ ਗਿਆ।ਜਿਸ ਵਿੱਚ ਡਾ. ਮਮਤਾ ਰਾਏ (ਡੀਨ) ਬਤੌਰ ਮੁੱਖ ਵੱਕਤਾ ਪਧਾਰੇ।ਇਸ ਮੌਕੇ ਡਾ. ਰਾਏ ਨੇ ਵਿੱਦਿਆਰਥੀਆਂ ਨੂੰ ਦੱਸਿਆ ਕਿ ਸਿੱਖਿਆ ਤੋਂ ਬਿਨਾਂ ਆਦਮੀ ਜਿੰਦਗੀ ਵਿੱਚ ਅਧੂਰਾ ਹੈ ਤੇ ਵਰਤਮਾਨ ਸਮੇਂ ਪ੍ਰਤੀਯੋਗਿਤਾ ਦੇ ਇਸ ਯੁੱਗ ਵਿੱਚ ਵਿੱਦਿਆਰਥੀਆਂ ਨੂੰ ਕਿਤਾਬੀ ਗਿਆਨ ਦੇ ਨਾਲ-ਨਾਲ ਵਿਵਹਾਰਕ ਗਿਆਨ ਦਾ ਹੋਣਾ ਵੀ ਬਹੁਤ ਜ਼ਰੂਰੀ ਹੈ, ਉਹਨਾਂ ਦੱਸਿਆ ਕਿ ਸਿੱਖਿਆ ਵਿੱਦਿਆਰਥੀਆਂ ਨੂੰ ਜੀਣਾ ਸਿਖਾਉਂਦੀ ਹੈ ਤੇ ਆਦਮੀ ਤੋਂ ਇਨਸਾਨ ਬਣਾਉਂਦੀ ਹੈ।ਉਹਨਾਂ ਕਿਹਾ ਕਿ ਸਿੱਖਿਆ ਆਦਮੀ ਦਾ ਤੀਜਾ ਨੇਤਰ ਹੈ।ਉਹਨਾਂ ਵਿੱਦਿਆਰਥੀਆਂ ਨੂੰ ਵੱਖ-ਵੱਖ ਕੋਰਸਾਂ ਉਹਨਾਂ ਸਬੰਧੀ ਯੋਗਤਾ ਅਤੇ ਰੋਜ਼ਗਾਰ ਦੇ ਖੇਤਰ ਵਿੱਚ ਉਸ ਦੀਆਂ ਸੰਭਾਵਨਾਵਾਂ ਬਾਰੇ ਜਾਣਕਾਰੀ ਦਿੱਤੀ।ਉਹਨਾਂ ਵਿਸ਼ੇਸ਼ ਤੌਰ ਤੇ ਪੇਂਡੂ ਖੇਤਰ ਦੇ ਵਿੱਦਿਆਰਥੀਆਂ ਨੂੰ ਰੁਜਗਾਰ ਵਿੱਚ ਸਹਾਇਕ ਵਿਸ਼ਿਆਂ ਅਤੇ ਕੋਰਸਾਂ ਬਾਰੇ ਵੀ ਦੱਸਿਆ।ਸੈਮੀਨਾਰ ਦੇ ਸਫਲ ਆਯੋਜਨ ਲਈ ਮੈਡਮ ਜਗਦੀਪ ਕੌਰ ਦਾ ਵਿਸ਼ੇਸ਼ ਸਹਿਯੋਗ ਰਿਹਾ।





## ਹੋਟਲ ਮੈਨੇਜਮੈਂਟ ਵਿੱਚ ਹਨ ਰੁਜ਼ਗਾਰ ਦੇ ਅਥਾਹ ਮੌਕੇ-ਗੁਰਲਾਭ ਸਿੰਘ ਸਿੱਧੂ।

**ਬਠਿੰਡਾ (ਤਲਵੰਡੀ ਸਾਬੋ 16 ਮਾਰਚ 2020)** ਬੀਤੇ ਦਿਨੀ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਦੇ ਕਾਲਜ ਆਫ ਹੋਟਲ ਮੈਨੇਜਮੈਂਟ ਵਿਖੇ ਇੱਕ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ।ਜਿਸ ਵਿੱਚ ਸ. ਗੁਰਲਾਭ ਸਿੰਘ ਸਿੱਧੂ (ਚੇਅਰਮੈਨ) ਬਤੌਰ ਮੁੱਖ ਮਹਿਮਾਨ ਪਧਾਰੇ ਤੇ ਵਿੱਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਵਰਸਿਟੀ ਵੱਲੋਂ ਵੱਖ-ਵੱਖ ਖੇਤਰਾਂ ਵਿੱਚ ਪ੍ਰਾਪਤੀਆਂ ਕਰਨ ਵਾਲੇ ਵਿੱਦਿਆਰਥੀਆਂ ਨੂੰ ਪ੍ਰਸ਼ੰਸਾਂ ਪੱਤਰ ਅਤੇ ਟਰਾਫੀ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਸਮਾਰੋਹ ਵਿੱਚ ਬੋਲਦੇ ਹੋਏ ਸ. ਗੁਰਲਾਭ ਸਿੰਘ ਸਿੱਧੂ ਨੇ ਦੱਸਿਆ ਕਿ ਵਰਤਮਾਨ ਸਮੇਂ ਹੋਟਲ ਮੈਨੇਜਮੈਂਟ ਵਿੱਚ ਵਿੱਦਿਆਰਥੀਆਂ ਲਈ ਰੁਜਗਾਰ ਦੇ ਬਹੁਤ ਮੌਕੇ ਹਨ।ਕਿਉਂਕਿ ਇਸ ਸਮੇਂ ਹੋਟਲ ਇੰਡਸਟਰੀ ਬਹੁਤ ਤੇਜੀ ਨਾਲ ਤਰੱਕੀ ਕਰ ਰਹੀ ਹੇ, ਵਿਸ਼ੇਸ਼ ਤੌਰ ਤੇ ਪੰਜਾਬ ਵਿੱਚ ਦੇਸ਼ ਅਤੇ ਵਿਦੇਸ਼ਾਂ ਤੋਂ ਯਾਤਰੂਆਂ ਦੀ ਗਿਣਤੀ ਵਿੱਚ ਦਿਨ-ਬ-ਦਿਨ ਵਾਧਾ ਹੁੰਦਾ ਜਾ ਰਿਹਾ ਹੈ, ਕਿਉਂਕਿ ਸਰਕਾਰ ਵੱਲੋਂ ਪੰਜਾਬ ਦੇ ਇਤਿਹਾਸਕ ਸ਼ਥਾਨਾਂ ਅਤੇ ਧਾਰਮਿਕ ਸ਼ਥਾਨਾਂ ਦੇ ਦਰਸ਼ਨਾਂ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ, ਇਸ ਲਈ ਹਰ ਰੋਜ਼ ਸਰਧਾਲੂਆਂ ਅਤੇ ਯਾਤਰੂਆਂ ਦੀ ਗਿਣਤੀ ਵੱਧਦੀ ਜਾ ਰਹੀ ਹੈ।ਹੋਟਲ ਮੈਨੇਜਮੈਂਟ ਦੇ ਖੇਤਰ ਵਿੱਚ ਵਿੱਦਿਆਰਥੀਆਂ ਲਈ ਨੌਕਰੀ ਅਤੇ ਸਵੈ ਰੁਜਗਾਰ ਦੀਆਂ ਬਹੁਤ ਸੰਭਾਵਨਾਵਾਂ ਹਨ।ਉਹਨਾਂ ਵਿੱਦਿਆਰਥੀਆਂ ਨੂੰ ਹੋਰ ਜਿਆਦਾ ਇਮਾਨਦਾਰੀ ਅਤੇ ਲਗਨ ਨਾਲ ਪੜਨ ਲਈ ਵੀ ਕਿਹਾ। ਇਸ ਸਮਾਰੋਹ ਵਿੱਚ ਡਾ. ਗੁਰਸ਼ਰਨ ਸਿੰਘ ਰੰਧਾਵਾਂ (ਉੱਪ-ਕੁੱਲਪਤੀ), ਡਾ. ਗੁਰਜੰਟ ਸਿੰਘ ਸਿੱਧੂ (ਰਜਿਸਟਰਾਰ), ਡਾ. ਹਰਜਿੰਦਰ ਸਿੰਘ ਰੋਜ਼ (ਡੀਨ ਅਕਾਦਮਿਕ), ਡਾ. ਨਰਿੰਦਰ ਸਿੰਘ (ਡਾਇਰੈਕਟਰ ਫਾਇਨਾਂਸ), ਡਾ. ਸਤਨਾਮ ਸਿੰਘ ਜੱਸਲ (ਡੀਨ ਬੇਸਿਕ ਸਾਇੰਸ), ਡਾ. ਵਿਜੈ ਭਰਦਵਾਜ (ਡੀਨ) ਤੇ ਲਵਲੀਨ ਸੱਚਦੇਵਾ (ਡਿਪਟੀ ਡਾਇਰੈਕਟਰ ਲੋਕ ਸੰਪਰਕ) ਵੀ ਹਾਜਰ ਹੋਏ। ਸਮਾਰੋਹ ਦੇ ਅਖੀਰ ਵਿੱਚ ਡਾ. ਵਿਜੈ ਭਰਦਵਾਜ ਨੇ ਵਰਸਿਟੀ ਪ੍ਰਬੰਧਕਾਂ, ਫੈਕਲਟੀ ਮੈਬਰਾਂ ਅਤੇ ਸਮੂਹ ਵਿੱਦਿਆਰਥੀਆਂ ਨੂੰ ਧੰਨਵਾਦੀ ਸਬਦ ਕਹੇ।ਇਸ ਸਮਾਰੋਹ ਨੂੰ ਸਫਲ ਬਣਾਉਣ ਵਿੱਚ ਡਾ. ਰਿੰਕੀ ਗੈਰੀ (ਮੁੱਖੀ ਵਿਭਾਗ), ਸਿਮਰਜੀਤ ਸਿੰਘ, ਨਰਿੰਦਰ, ਪਵਨੀਤ, ਮਨੀਸ਼ਾ, ਮਨਪ੍ਰੀਤ ਕੌਰ ਤੇ ਮਨਪ੍ਰੀਤ ਸਿੰਘ ਦਾ ਵਿਸ਼ੇਸ਼ ਸਹਿਯੋਗ ਰਿਹਾ।

## GKU AWARDIES

| Sr. No. | Name | Award | Year |
|---|---|---|---|
| 1 | Dr. Jasmeet Singh | NexGenTechnologies 2020 Award for Dynamic Personality | 21-3-2020 |
| 2 | Dr. Charan Singh | NexGen Technologies 2020 Award for Best Teacher of the Year | 21-3-2020 |
| 3 | Dr. Dinesh Kumar | NexGen Technologies 2020 Award for Distinguised Professor | 21-3-2020 |

Volume - 4 | Issue - 3

North India's
Topmost & Leading
University




# GKU TIME

www.gurukashiuniversity.in

## CAMPUS FACILITIES

- Modern Class Rooms
- WiFi Enabled
- Excellent Security
- AC & Non-AC Hostels (Boys & Girls)
- Medical Care Centre
- International Collaborations
- International Students from Different Countries
- Gymnasium & Sports Infrastructure
- Transport with 100+ kms
- Auditorium with 400 seats
- ATM & Bank Facility

✆ 99142-83400, 99142-86400 | Toll Free No : 1800-120-2624